# ਇਕਮੁੱਠਤਾ, ਅਤੇ ਮਦਦ ਦਾ ਬਿਆਨ
# ਬਲੈਕ, ਆਦਿਵਾਸੀ ਅਤੇ ਰੰਗਦਾਰ ਲੋਕ

ਸਾਲ 1986 ਤੋਂ ਅਲਬਰਟਾ ਐਸੋਸੀਏਸ਼ਨ ਔਫ ਮਿਡਵਾਈਵਜ਼ (ਏ ਏ ਐੱਮ) ਇਕ ਪ੍ਰੋਫੈਸ਼ਨਲ ਸੰਸਥਾ ਹੈ ਜਿਹੜੀ ਅਲਬਰਟਾ ਵਿਚ ਮਿਡਵਾਈਵਜ਼ ਅਤੇ ਮਿਡਵਾਈਫਰੀ ਦੇ ਕਿੱਤੇ ਦੀ ਨਿੱਘੀ ਕਮਿਉਨਟੀ ਦੀ ਸੇਵਾ ਕਰਦੀ ਆ ਰਹੀ ਹੈ। ਪ੍ਰਾਇਮਰੀ ਹੈਲਥ ਕੇਅਰ ਪ੍ਰੋਵਾਈਡਰਜ਼ ਵਜੋਂ, ਰਜਿਸਟਰਡ ਮਿਡਵਾਈਵਜ਼, ਪ੍ਰੈਗਨੈਂਸੀ, ਜਨਮ ਅਤੇ ਬੱਚੇ ਦੇ ਜਨਮ ਤੋਂ ਬਾਅਦ ਉੱਚ ਪੱਧਰ ਦੀ, ਸੁਰੱਖਿਅਤ ਅਤੇ ਕਫਾਇਤੀ ਸੰਭਾਲ ਕਰਦੀਆਂ ਆ ਰਹੀਆਂ ਹਨ ਅਤੇ ਇਸ ਨੂੰ ਸਾਲ 2009 ਤੋਂ ਸਰਕਾਰੀ ਫੰਡ ਮਿਲ ਰਹੇ ਹਨ।

### ਫਰਜ਼ ਪਾਲਕ

ਏ ਏ ਐੱਮ, ਨਸਲਵਾਦ, ਵਿਤਕਰੇ ਅਤੇ ਹਿੰਸਾ (ਨਿੱਜੀ, ਸਿਸਟਮਬੱਧ ਅਤੇ ਸੰਸਥਾਈ) ਦੇ ਸਾਰੇ ਰੂਪਾਂ ਦੀ ਨਿੰਦਾ ਕਰਨ ਅਤੇ ਇਸ ਦਾ ਮੁਕਾਬਲਾ ਕਰਨ ਦੇ ਆਪਣੇ ਫਰਜ਼ ਨੂੰ ਸਮਝਦੀ ਹੈ।

### ਹੱਕਾਂ ਦੇ ਅਧਿਕਾਰੀ

ਅਸੀਂ ਇਹ ਮੰਨਦੇ ਹਾਂ ਕਿ ਕੈਨੇਡਾ ਵਿਚ ਪੀੜ੍ਹੀਆਂ ਤੋਂ, ਬਲੈਕ, ਆਦਿਵਾਸੀ, ਰੰਗਦਾਰ ਲੋਕਾਂ (ਬੀ ਆਈ ਪੀ ਓ ਸੀ) ਅਤੇ ਭਾਈਚਾਰਿਆਂ ਦੇ ਮਨੁੱਖੀ ਹੱਕਾਂ ਦੀ ਉਲੰਘਣਾ ਹੋਈ ਹੈ ਅਤੇ ਹੋਣਾ ਜਾਰੀ ਹੈ।

ਅਸੀਂ ਅਗਾਂਹ ਇਹ ਵੀ ਮੰਨਦੇ ਹਾਂ ਕਿ ਕੁਝ ਲੋਕਾਂ ਨੂੰ ਸਿਸਟਮਬੱਧ ਜਬਰ ਦੇ ਬਹੁਪਰਤੀ ਰੂਪਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਜਿਹੜੇ ਰਲ ਜਾਂਦੇ ਹਨ, ਵਧ ਜਾਂਦੇ ਹਨ ਜਾਂ ਇਕ ਦੂਜੇ ਨੂੰ ਕੱਟਦੇ ਹਨ। ਇਸ ਵਿਚ ਉਹ ਲੋਕ ਸ਼ਾਮਲ ਹਨ ਜਿਹੜੇ 2ਐੱਸ ਐੱਲ ਜੀ ਬੀ ਟੀ ਕਿਉ+ ਹਨ, ਧਾਰਮਿਕ ਘਟਗਿਣਤੀ ਹਨ, ਕੋਈ ਡਿਸਏਬਿਲਟੀ ਹੈ, ਨਿਊਰੋਡਾਇਵਰਸ ਹਨ ਅਤੇ/ਜਾਂ ਉਨ੍ਹਾਂ ਦਾ ਪਰਿਵਾਰਕ ਢਾਂਚਾ ਅਜਿਹਾ ਹੈ ਜਿਹੜਾ ਗੈਰ-ਰਵਾਇਤੀ ਹੈ। ਇਹ ਬਹੁਪਰਤਾਂ ਉਨ੍ਹਾਂ ਦੇ ਸਾਖਿਆਤ ਤਜਰਬਿਆਂ ਅਤੇ ਜਬਰ ਨੂੰ ਹੋਰ ਵੀ ਜ਼ਿਆਦਾ ਗੁੰਝਲਦਾਰ ਬਣਾ ਸਕਦੀਆਂ ਹਨ।

ਅਸੀਂ ਇਹ ਸਮਝਦੇ ਹਾਂ ਕਿ ਜਬਰ ਦੇ ਇਕ ਦੂਜੇ ਉਪਰ ਚੜ੍ਹੇ ਸਿਸਟਮਾਂ, ਇਤਿਹਾਸ ਅਤੇ ਸਦਮੇ ਨੇ ਹੈਲਥ ਕੇਅਰ ਤੱਕ ਪਹੁੰਚ ਅਤੇ ਮੁਫਤ, ਜਾਣਕਾਰੀ ਲੈ ਕੇ, ਹੈਲਥ ਕੇਅਰ ਦੇ ਆਪ ਨਿਰਣਾ ਕਰਨ ਵਾਲੇ ਫੈਸਲੇ ਕਰਨ ਦੀ ਸਾਰੇ ਲੋਕਾਂ ਦੀ ਸਮਰੱਥਾ ਉੱਪਰ ਕਾਇਮ ਰਹਿਣ ਵਾਲਾ ਅਸਰ ਪਾਇਆ ਹੈ।

### ਇਕਮੁੱਠਤਾ

ਅਸੀਂ ਬੀ ਆਈ ਪੀ ਓ ਸੀ ਵਿਅਕਤੀਆਂ ਅਤੇ ਭਾਈਚਾਰਿਆਂ ਨਾਲ ਇਕਮੁੱਠਤਾ ਨਾਲ ਖੜ੍ਹੇ ਹਾਂ। ਭਾਵੇਂ ਕਿ ਇਹ ਕਦੇ ਵੀ ਜ਼ਰੂਰੀ ਨਹੀਂ ਹੋਣਾ ਚਾਹੀਦਾ ਸੀ, ਅਸੀਂ ਮੁੜ ਉਭਰਨ ਦੀ ਸ਼ਕਤੀ ਅਤੇ ਅੰਤਰ ਪੀੜ੍ਹੀ ਦੀ ਜਾਰੀ ਰਹਿਣ ਯੋਗਤਾ ਦੇ ਉਨ੍ਹਾਂ ਦੇ ਇਤਿਹਾਸ ਦਾ ਸਤਿਕਾਰ ਕਰਦੇ ਹਾਂ। ਅਸੀਂ ਹੈਲਥ ਕੇਅਰ ਦੇ ਮਾਹੌਲਾਂ ਵਿਚ ਇਤਿਹਾਸਕ ਅਤੇ ਜਾਰੀ ਰਹਿਣ ਵਾਲੇ ਸਦਮੇ ਅਤੇ ਹਿੰਸਾ ਤੋਂ ਰਾਜ਼ੀ ਹੋਣ ਦੀ ਹਿਮਾਇਤ ਕਰਦੇ ਹਾਂ।

### ਸਾਡਾ ਆਪਣਾ ਕੰਮ

ਅਸੀਂ ਆਪਣਾ ਖੁਦ ਦਾ ਕੰਮ ਸੰਸਥਾ ਦੇ ਤੌਰ ’ਤੇ ਅਤੇ ਨਿੱਜੀ ਤੌਰ ’ਤੇ ਸ਼ੁਰੂ ਕੀਤਾ ਹੈ। ਅਸੀਂ ਬੀ ਆਈ ਪੀ ਓ ਸੀ ਲੋਕਾਂ ਅਤੇ ਭਾਈਚਾਰਿਆਂ ਦੀਆਂ ਆਵਾਜ਼ਾਂ ਤੋਂ ਸਚੇਤ ਹੋ ਰਹੇ ਹਾਂ, ਸੁਣ ਰਹੇ ਹਾਂ, ਕਦਮ ਚੁੱਕ ਰਹੇ ਹਾਂ ਅਤੇ ਆਵਾਜ਼ਾਂ ਨੂੰ ਖੋਲ੍ਹ ਕੇ ਦੱਸ ਰਹੇ ਹਾਂ ਅਤੇ ਉਨ੍ਹਾਂ ਵਲੋਂ ਪਛਾਣੇ ਜਾਣ ਵਾਲੇ ਟੀਚਿਆਂ ਨੂੰ ਅਗਾਂਹ ਵਧਾਉਣ ਲਈ ਵਚਨਬੱਧ ਹਾਂ।

ਅਸੀਂ ਗਲਤੀਆਂ ਕੀਤੀਆਂ ਹਨ ਅਤੇ ਸਿੱਖਣ ਦੌਰਾਨ ਸ਼ਾਇਦ ਹੋਰ ਵੀ ਕਰਾਂਗੇ। ਜਦੋਂ ਸਾਡੇ ਨਾਲ ਗੱਲ ਕੀਤੀ ਜਾਂਦੀ ਹੈ ਜਾਂ ਚੁਣੌਤੀ ਦਿੱਤੀ ਜਾਂਦੀ ਹੈ ਤਾਂ ਅਸੀਂ ਨਿਮਰਤਾ ਅਤੇ ਸੱਚੇ ਪਛਤਾਵੇ ਨਾਲ ਜਵਾਬ ਦਿੰਦੇ ਹਾਂ, ਅਤੇ ਅਸੀਂ ਆਪਣੀਆਂ ਗਲਤੀਆਂ ਨੂੰ ਜਲਦੀ ਨਾਲ ਸਹੀ ਕਰਦੇ ਹਾਂ। ਇਨਸਾਫ ਅਤੇ ਨਿਰਪੱਖਤਾ ਵੱਲ ਨਿਰੰਤਰ ਸਫਰ ’ਤੇ ਸਾਨੂੰ ਅਜੇ ਵੀ ਬਹੁਤ ਦੂਰ ਜਾਣ ਦੀ ਲੋੜ ਹੈ।

ਅਸੀਂ ਨਿਸ਼ਾਨਾ ਬਣਾਈਆਂ ਗਈਆਂ ਮਿਡਵਾਈਵਜ਼ ਲਈ ਸੁਰੱਖਿਅਤ ਸਥਾਨ ਬਣਾਵਾਂਗੇ ਜਿੱਥੇ ਉਨ੍ਹਾਂ ਦੀਆਂ ਆਵਾਜ਼ ’ਤੇ ਧਿਆਨ ਦਿੱਤਾ ਜਾਵੇਗਾ, ਸ਼ਾਮਲ ਕਰਨ ਵਾਲੇ ਅਤੇ ਮਦਦਕਾਰੀ ਵਿਦਿਅਕ ਮਾਹੌਲਾਂ ਦੀ ਹਿਮਾਇਤ ਕਰਾਂਗੇ, ਸ਼ਗਿਰਦੀ ਦੇ ਪ੍ਰੋਗਰਾਮਾਂ ਦੀ ਮਦਦ ਕਰਾਂਗੇ, ਅਤੇ ਅਜਿਹੇ ਫੰਡਾਂ ਨੂੰ ਉਤਸ਼ਾਹ ਦੇਵਾਂਗੇ ਜਿਹੜੇ ਨਿਸ਼ਾਨਾ ਬਣਾਏ ਗਏ ਵਿਦਿਆਰਥੀਆਂ ਦੀ ਮਦਦ ਕਰਨਗੇ। ਅਸੀਂ ਉਨ੍ਹਾਂ ਸੰਸਥਾਵਾ ਅਤੇ ਵਿਅਕਤੀਆਂ ਨਾਲ ਰਲ ਕੇ ਕੰਮ ਕਰਾਂਗੇ ਜਿਹੜੇ ਸੇਧ ਦੇ ਸਕਦੇ ਹਨ ਅਤੇ ਅਸੀਂ ਮਿਹਨਤ ਦਾ ਵਾਜਬ ਮੁਆਵਜ਼ਾ ਦੇਵਾਂਗੇ।

## ਰੀਪ੍ਰੋਡਕਟਿਵ ਜਸਟਿਸ ਫਰੇਮਵਰਕ

ਅਸੀਂ ਇਹ ਸਮਰਥਨ ਕਰਦੇ ਹਾਂ ਕਿ ਪ੍ਰੈਗਨੈਂਸੀ, ਜਨਮ ਅਤੇ ਬੱਚੇ ਦੇ ਜਨਮ ਤੋਂ ਬਾਅਦ ਦੀਆਂ ਸਾਰੀਆਂ ਸੇਵਾਵਾਂ, ਮਾਨਸਿਕ ਸਿਹਤ ਦੇ ਇਲਾਜ, ਵਿਦਿਅਕ ਪ੍ਰੋਗਰਾਮਾਂ ਅਤੇ ਕਲਿਨੀਕਲ ਪ੍ਰੈਕਟਿਸਿਜ਼ ਉੱਪਰ ਰੀਪ੍ਰੋਡਕਟਿਵ ਜਸਟਿਸ ਫਰੇਮਵਰਕ ਲਾਗੂ ਕੀਤਾ ਜਾਵੇ। ਫਰੇਮਵਰਕ ਦੇ ਡਿਜ਼ਾਇਨ ਵਿਚ ਬੀ ਆਈ ਪੀ ਓ ਸੀ ਮਿਡਵਾਈਵਜ਼, ਵਿਦਿਆਰਥੀ ਮਿਡਵਾਈਵਜ਼, ਕਾਲਜਾਂ ਅਤੇ ਕਲਾਇੰਟਾਂ ਦੇ ਦ੍ਰਿਸ਼ਟੀਕੋਨਾਂ ਅਤੇ ਉਨ੍ਹਾਂ ਦੇ ਸਾਖਿਆਤ ਤਜਰਬਿਆਂ ਨੂੰ ਸ਼ਾਮਲ ਕੀਤਾ ਜਾਣਾ ਜ਼ਰੂਰੀ ਹੈ।

## ਐਕਸ਼ਨ ਲੈਣ ਦਾ ਸੱਦਾ

ਅਲਬਰਟਾ ਵਿਚ ਮਿਡਵਾਈਫਰੀ ਦੇ ਕਿੱਤੇ ਨੂੰ ਆਪਣੀ ਨਸਲੀ, ਲਿੰਗਕ ਅਤੇ ਕਾਮੁਕ ਵੰਨ-ਸੁਵੰਨਤਾ ਅਤੇ ਸ਼ਮੂਲੀਅਤ ਵਿਚ ਵਾਧਾ ਕਰਨ ਦੀ ਲੋੜ ਹੈ। ਏ ਏ ਐੱਮ ਇਹ ਯਕੀਨ ਕਰਦੀ ਹੈ ਕਿ ਸਾਰੀਆਂ ਮਿਡਵਾਈਵਜ਼ ਅਤੇ ਮਿਡਵਾਈਫਰੀ ਪ੍ਰੈਕਟਿਸਾਂ ਅਜਿਹਾ ਮਾਹੌਲ ਪ੍ਰਦਾਨ ਕਰ ਸਕਦੀਆਂ ਹਨ ਅਤੇ ਉਨ੍ਹਾਂ ਨੂੰ ਕਰਨਾ ਚਾਹੀਦਾ ਹੈ ਜਿੱਥੇ ਸਾਰੇ ਵਿਅਕਤੀਆ ਦਾ ਸੁਆਗਤ ਹੁੰਦਾ ਹੈ, ਉਨ੍ਹਾਂ ਨਾਲ ਆਦਰ ਅਤੇ ਮਾਣ ਨਾਲ ਵਰਤਾਉ ਹੁੰਦਾ ਹੈ, ਅਤੇ ਭਾਈਚਾਰੇ ਦੇ ਸਰਗਰਮ ਮੈਂਬਰਾਂ ਵਲੋਂ ਵੰਨ ਸੁਵੰਨੇ ਦ੍ਰਿਸ਼ਟੀਕੋਨਾਂ ਨੂੰ ਜ਼ਾਹਰ ਕਰਨ ਲਈ ਉਤਸ਼ਾਹ ਦਿੱਤਾ ਜਾਂਦਾ ਹੈ।

ਅਸੀਂ ਆਪਣੇ ਮੈਂਬਰਾਂ ਨੂੰ ਇਹ ਸੱਦਾ ਦੇ ਰਹੇ ਹਾਂ ਕਿ ਉਹ ਸਾਡੇ ਨਾਲ ਸਹਿਯੋਗੀਆਂ ਵਜੋਂ ਖੜ੍ਹਨ ਅਤੇ ਇਹ ਪ੍ਰਵਾਨ ਕਰਨ ਕਿ ਇਨਸਾਫ ਅਤੇ ਨਿਰਪੱਖਤਾ ਲਈ ਸਾਡੇ ਲਈ ਬਹੁਤ ਸਾਰਾ ਕੰਮ ਕਰਨ ਵਾਲਾ ਹੈ।

ਜੇ ਤੁਸੀਂ ਬੀ ਆਈ ਪੀ ਓ ਸੀ ਮੈਂਬਰ ਹੋ ਜਿਸ ਕੋਲ ਆਪਣੀ ਆਵਾਜ਼ ਅਤੇ ਸਾਖਿਆਤ ਤਜਰਬੇ ਸਾਂਝੇ ਕਰਨ ਦੀ ਸਮਰੱਥਾ ਹੈ ਤਾਂ ਜੋ ਕਿੱਤੇ ਵਿਚ ਢਾਂਚਾਗਤ ਤਬਦੀਲੀ ਕਰਨ ਲਈ ਲੋੜੀਂਦੇ ਕੰਮ ਨੂੰ ਹੋਰ ਵਧਾਇਆ ਜਾ ਸਕੇ ਤਾਂ ਕਿਰਪਾ ਕਰਕੇ ਏ ਓ ਐਂਡ ਈ ਕਮੇਟੀ ਵਿਚ ਸ਼ਾਮਲ ਹੋਣ ਬਾਰੇ ਵਿਚਾਰ ਕਰੋ।

ਪਿਛਲੀ ਵਾਰ ਨਵਿਆਇਆ: 11 ਮਈ, 2021

ਇਕਮੁੱਠਤਾ ਅਤੇ ਮਦਦ ਦਾ ਇਹ ਬਿਆਨ ਮੌਜੂਦਾ ਡਾਕੂਮੈਂਟ ਹੈ ਜਿਸ ਵਿਚ ਸਮੇਂ ਸਮੇਂ ਸਾਡੇ ਵਲੋਂ ਅਗਾਂਹ ਵਧਣ ਅਤੇ ਬਾਹਰੀ ਮਾਹੌਲ ਦੇ ਵਿਕਸਿਤ ਹੋਣ ਦੌਰਾਨ ਨਵੀਂ ਜਾਣਕਾਰੀ ਦਿੱਤੀ ਜਾਵੇਗੀ। ਇਹ ਬਿਆਨ *https://canadianmidwives.org/wp-content/uploads/2020/06/Anti-oppression-statement_20200601_FINAL.pdf.* ਦੇ ਹਵਾਲੇ ਨਾਲ ਤਿਆਰ ਕੀਤਾ ਗਿਆ ਸੀ।

1.833.502.2176
info@alberta-midwives.ca
www.alberta-midwives.ca

ALBERTA ASSOCIATION OF MIDWIVES